# ਤਿਆਰ ਹੋਣਾ: ਆਪਣੇ ਘਰ ਅਤੇ ਪਰਿਵਾਰ ਨੂੰ ਹੜ੍ਹ ਤੋਂ ਸੁਰੱਖਿਅਤ ਕਰਨਾ
**Being Prepared: Flood Proofing your Home and Family**

## ਖ਼ਤਰਿਆਂ ਨੂੰ ਜਾਣੋ –

- ਇਹ ਜਾਣੋ ਕਿ ਕੀ ਤੁਸੀਂ ਹੜ੍ਹ ਦੇ ਖ਼ਤਰੇ ਵਾਲੇ ਇਲਾਕੇ ਵਿਚ ਰਹਿੰਦੇ ਹੋ
- ਆਪਣੇ ਨੇੜੇ ਦੇ ਆਲੇ-ਦੁਆਲੇ ਵਿਚ ਚਿਤਾਵਨੀ ਦੇਣ ਵਾਲੀਆਂ ਨਿਸ਼ਾਨੀਆਂ ’ਤੇ ਨਿਗ੍ਹਾ ਰੱਖੋ: ਨਦੀਆਂ ਅਤੇ ਦਰਿਆਵਾਂ ਦੇ ਪਾਣੀ ਦੇ ਵਹਾਅ ਦੀ ਉਚਾਈ ਅਤੇ ਤੇਜ਼ੀ, ਢਿੱਗਾਂ ਦਾ ਡਿਗਣਾ, ਨਦੀਆਂ ਨਾਲਿਆਂ ਵਿਚ ਮਲਬੇ ਦਾ ਆਉਣਾ, ਪਾਣੀ ਦਾ ਰੰਗ ਬਦਲਣਾ ਜਾਂ ਦਰਖ਼ਤਾਂ ਦਾ ਝੁਕਣਾ ਜਾਂ ਪਹਾੜੀਆਂ ਵਿਚ ਤੇੜਾਂ ਪੈਣਾ
- ਸਥਾਨਕ ਅਧਿਕਾਰੀਆਂ ਤੋਂ ਇਹ ਹਿਦਾਇਤਾਂ ਲੈਣ ਲਈ ਸਥਾਨਕ ਰੇਡੀਓ ਸਟੇਸ਼ਨ ਸੁਣਦੇ ਰਹੋ ਕਿ ਹੜ੍ਹ ਦੇ ਗੰਭੀਰ ਖ਼ਤਰੇ ਵੇਲੇ ਕੀ ਕਰਨਾ ਹੈ
- ਇਹ ਜਾਣੋ ਕਿ ਮੌਸਮ ਦੀਆਂ ਰਿਪੋਰਟਾਂ ਅਤੇ ਮੌਜੂਦਾ ਹਾਲਾਤ ਬਾਰੇ ਜਾਣਕਾਰੀ ਤੁਸੀਂ ਕਿੱਥੋਂ ਲੈ ਸਕਦੇ ਹੋ

## ਆਪਣੇ ਪਰਿਵਾਰ ਨੂੰ ਤਿਆਰ ਕਰੋ –

- ਇਕ ਐਮਰਜੰਸੀ ਸਪਲਾਈ ਕਿੱਟ ਤਿਆਰ ਕਰੋ ਜਿਸ ਵਿਚ ਪਰਿਵਾਰ ਦੇ ਹਰ ਮੈਂਬਰ ਲਈ ਘੱਟੋ ਘੱਟ ਤਿੰਨ ਦਿਨਾਂ ਦਾ ਖਾਣਾ ਅਤੇ ਪਾਣੀ ਵੀ ਹੋਵੇ। ਇਸ ਕਿੱਟ ਵਿਚ ਚਾਬੀ ਦੇ ਕੇ ਜਾਂ ਬੈਟਰੀ ਨਾਲ ਚੱਲਣ ਵਾਲਾ ਰੇਡੀਓ, ਫਲੈਸ਼ਲਾਈਟ ਅਤੇ ਬੈਟਰੀਆਂ, ਡਾਕਟਰ ਦੀ ਪਰਚੀ ਨਾਲ ਲਈਆਂ ਗਈਆਂ ਦਵਾਈਆਂ ਅਤੇ ਜ਼ਰੂਰੀ ਪੇਪਰ ਰੱਖੋ
- ਇਹ ਪੱਕਾ ਕਰੋ ਕਿ ਤੁਹਾਡੇ ਪਰਿਵਾਰ ਦੇ ਹਰ ਮੈਂਬਰ ਕੋਲ ਗਰਮ ਕੱਪੜੇ ਅਤੇ ਪਾਣੀ ਅੰਦਰ ਜਾਣ ਤੋਂ ਰੋਕਣ ਵਾਲੀਆਂ ਜੁੱਤੀਆ ਹੋਣ
- ਇਹ ਪੱਕਾ ਕਰੋ ਕਿ ਪਰਿਵਾਰ ਦੇ ਹਰ ਮੈਂਬਰ ਕੋਲ ਆਪਣਾ ਪਛਾਣ-ਪੱਤਰ ਹੋਵੇ। ਬੱਚਿਆਂ ਦੇ ਕੱਪੜਿਆਂ ’ਤੇ ਲਿਖੇ ਨਾਂ, ਬਟੂਏ ਵਿਚ ਪਾਉਣ ਵਾਲੇ ਕਾਰਡ ਅਤੇ ਗੁੱਟ ’ਤੇ ਪਛਾਣ ਕਰਨ ਲਈ ਬੰਨ੍ਹੀਆਂ ਪੱਟੀਆਂ, ਤੁਹਾਡੇ ਅਲੱਗ ਅਲੱਗ ਹੋਣ ਦੀ ਸੂਰਤ ਵਿਚ ਫਾਇਦੇਮੰਦ ਹੋਣਗੀਆਂ
- ਆਪਣੇ ਘਰ ਦੇ ਹਰ ਮੈਂਬਰ ਨੂੰ ਆਪਣੇ ਪਰਿਵਾਰ ਦੇ ਐਮਰਜੰਸੀ ਵਿਚ ਮਿਲਣ ਦੇ ਸਥਾਨ ਬਾਰੇ ਯਾਦ ਕਰਵਾਉ
- ਸੂਬੇ ਤੋਂ ਬਾਹਰਲਾ ਕੋਈ ਸੰਪਰਕ ਨਿਸ਼ਚਤ ਕਰੋ
- ਇਹ ਜਾਣੋ ਕਿ ਜੇ ਘਰ ਛੱਡਣਾ ਜ਼ਰੂਰੀ ਹੋ ਜਾਵੇ ਤਾਂ ਕੀ ਕਰਨਾ ਹੈ
- ਆਪਣੇ ਪਾਲਤੂ ਜਾਨਵਰਾਂ ਅਤੇ ਜੇ ਕੋਈ ਪਸ਼ੂ ਹੋਵੇ ਤਾਂ ਉਸ ਲਈ ਪ੍ਰਬੰਧ ਕਰੋ
- ਐਮਰਜੰਸੀ ਅਧਿਕਾਰੀਆਂ ਦੀਆਂ ਹਿਦਾਇਤਾਂ ਦੀ ਪਾਲਣਾ ਕਰਨ ਲਈ ਤਿਆਰੀ ਕਰੋ

## ਜਦੋਂ ਹੜ੍ਹ ਆਉਣ ਦਾ ਫੌਰੀ ਖ਼ਤਰਾ ਹੋਵੇ, ਅਤੇ ਜੇ ਸਮਾਂ ਹੋਵੇ –

- ਬੇਸਮੈਂਟ ਵਿਚਲੇ ਫਰਨੀਚਰ ਅਤੇ ਹੋਰ ਚੀਜ਼ਾਂ ਨੂੰ ਉਪਰਲੀ ਮੰਜ਼ਲ ’ਤੇ ਲੈ ਜਾਉ
- ਬਿਜਲੀ ਸਰਵਿਸ – ਆਪਣੇ ਘਰ ਦੀ ਬਿਜਲੀ ਬੰਦ ਕਰੋ, ਪਰ ਜੇ ਕਮਰੇ ਵਿਚ ਪਹਿਲਾਂ ਹੀ ਪਾਣੀ ਆ ਗਿਆ ਹੈ ਤਾਂ ਬਿਜਲੀ ਬੰਦ ਕਰਨ ਦੀ ਕੋਸ਼ਿਸ਼ ਨਾ ਕਰੋ
- ਬਿਜਲੀ ਨਾਲ ਚੱਲਣ ਵਾਲੇ ਅਪਲਾਇੰਸ – ਬਿਜਲੀ ਦੇ ਅਪਲਾਇੰਸਾਂ ਦੇ ਪਲੱਗ ਕੱਢੋ ਅਤੇ ਇਨ੍ਹਾਂ ਨੂੰ ਉੱਚੀਆਂ ਥਾਂਵਾਂ ’ਤੇ ਰੱਖੋ
- ਬਿਜਲੀ ਤੋਂ ਸੁਰੱਖਿਆ ਬਾਰੇ ਜਾਣਕਾਰੀ ਲਵੋ www.bchydro.com/safety/ ਜਾਂ www.safetyauthority.ca/?q=flooding_information
- ਨੈਚਰਲ ਗੈਸ – ਇਹ ਜਾਣਨ ਲਈ ਕਿ ਸੁਰੱਖਿਅਤ ਤਰੀਕੇ ਨਾਲ ਆਪਣੀ ਗੈਸ ਕਿਵੇਂ ਬੰਦ ਕਰਨੀ ਹੈ, ਇਸ ਵੈੱਬਸਾਈਟ ’ਤੇ ਜਾਓ: www.terasengas.com/_Safety/SafetyHomeWork/EmergencyPreparedness/Floods/default.htm
- ਗੈਸ ਜਾਂ ਤੇਲ ਨਾਲ ਚੱਲਣ ਵਾਲੀਆਂ ਫਰਨਿਸਾਂ ਅਤੇ ਅਪਲਾਇੰਸ – ਤੇਲ ਜਾਂ ਪਾਣੀ ਵਾਲੇ ਟੈਂਕ ਜੇ ਭਰੇ ਹੋਏ ਨਾ ਹੋਣ ਤਾਂ ਇਹ ਰੁੜ੍ਹ ਜਾਣਗੇ। ਜੇ ਤੁਸੀਂ ਇਹ ਭਰ ਨਾ ਸਕਦੇ ਹੋਵੋ ਤਾਂ ਇਨ੍ਹਾਂ ਨੂੰ ਰੇਤਾ ਦੇ ਬੈਗਾਂ ਦਾ ਭਾਰ ਪਾ ਕੇ ਦਬਾ ਕੇ ਰੱਖੋ ਜਾਂ ਕਿਸੇ

ਠੋਸ ਚੀਜ਼ ਨਾਲ ਅਟਕਾਉ। ਪ੍ਰੋਪੇਨ ਗੈਸ ਦੇ ਟੈਂਕ ਭਾਵੇਂ ਭਰੇ ਹੋਏ ਹੋਣ ਜਾਂ ਖਾਲੀ ਹੋਣ, ਇਹ ਰੁੜ੍ਹ ਸਕਦੇ ਹਨ ਅਤੇ ਤੁਸੀਂ ਟੈਂਕ ਦੇ ਦੁਆਲੇ ਚੇਨ ਜਾਂ ਤਾਰ ਪਾ ਕੇ ਇਨ੍ਹਾਂ ਨੂੰ ਬੰਨ੍ਹਣ ਬਾਰੇ ਵੀ ਸੋਚ ਸਕਦੇ ਹੋ

- ਪਲੰਬਿੰਗ ਦੀਆਂ ਲੱਗੀਆਂ ਹੋਈਆਂ ਚੀਜ਼ਾਂ ਅਤੇ ਪਾਣੀ ਦੀ ਸਪਲਾਈ – ਪਾਣੀ ਦੀ ਸਪਲਾਈ ਨੂੰ ਬੰਦ ਕਰ ਦਿਉ। ਬੇਸਮੈਂਟ ਦੇ ਸੂਅਜ਼ ਦੇ ਸਾਰੇ ਕੋਨੈਕਸ਼ਨਾਂ ਨੂੰ (ਟਾਇਲਟਾਂ, ਸਿੰਕ, ਸ਼ਾਵਰ) ਲੱਕੜੀ ਦੇ ਡੱਟੇ ਜਾਂ ਕਿਸੇ ਹੋਰ ਚੀਜ਼ ਨਾਲ ਬੰਦ ਕਰ ਦਿਉ। ਇਸ ਡੱਟੇ ਉਪਰ ਕੋਈ ਭਾਰੀ ਚੀਜ਼ ਰੱਖੀ ਜਾਣੀ ਚਾਹੀਦੀ ਹੈ ਤਾਂ ਜੋ ਇਹ ਡੱਟਾ ਉੱਥੇ ਟਿਕਿਆ ਰਹੇ
- ਗੰਦਗੀ ਪੈਦਾ ਕਰਨ ਵਾਲੀਆਂ ਚੀਜ਼ਾਂ – ਕੀੜੇਮਾਰ ਦਵਾਈਆਂ, ਘਾਹ-ਫੂਸ ਨੂੰ ਮਾਰਨ ਵਾਲੀਆਂ ਦਵਾਈਆਂ, ਖਾਦਾਂ ਅਤੇ ਅਜਿਹੀਆਂ ਹੋਰ ਚੀਜ਼ਾਂ ਉੱਚੀਆਂ ਥਾਂਵਾਂ ’ਤੇ ਲਿਜਾਣੀਆਂ ਚਾਹੀਦੀਆਂ ਹਨ
- ਸੂਅਰ ਸਿਸਟਮ – ਵਾਧੂ ਬੋਝ ਨੂੰ ਘੱਟ ਕਰਨ ਲਈ, ਇਸ ਵਿਚ ਜਾਂਦੇ ਕਿਸੇ ਹੋਰ ਪਾਣੀ ਨੂੰ ਬੰਦ ਕਰ ਦਿਉ
- ਬਾਹਰ ਰੱਖਣ ਵਾਲੀਆਂ ਚੀਜ਼ਾਂ – ਫਰਨੀਚਰ ਅਤੇ ਬਾਰਬੇਕਿਊ ਵਰਗੀਆਂ ਸਾਰੀਆਂ ਚੀਜ਼ਾਂ ਨੂੰ ਉੱਚੀਆਂ ਥਾਂਵਾਂ ’ਤੇ ਰੱਖੋ ਜਿਨ੍ਹਾਂ ਦਾ ਹੜ੍ਹ ਨਾਲ ਨੁਕਸਾਨ ਹੋ ਸਕਦਾ ਹੈ ਜਾਂ ਜਿਹੜੀਆਂ ਰੁੜ੍ਹ ਸਕਦੀਆਂ ਹਨ ਅਤੇ ਨੁਕਸਾਨ ਕਰ ਸਕਦੀਆਂ ਹਨ
- ਰੇਤਾ ਦੇ ਬੈਗ – ਜੇ ਤੁਹਾਡੇ ਕੋਲ ਖੰਦਕ (ਡਾਈਕ) ਬਣਾਉਣ ਲਈ ਸਮਾਂ ਹੈ ਤਾਂ ਇਸ ਨੂੰ ਉੱਚੀ ਥਾਂ ’ਤੇ ਆਪਣੇ ਘਰ ਦੇ ਨੇੜੇ ਬਣਾਉ। ਇਸ ਤਰ੍ਹਾਂ ਰੇਤਾ ਦੇ ਘੱਟ ਬੈਗਾਂ ਦੀ ਲੋੜ ਪਵੇਗੀ ਅਤੇ ਖੰਦਕ ’ਤੇ ਨੇੜੇ ਦੀ ਨਦੀ ਦਾ ਅਸਰ ਘੱਟ ਹੋਵੇਗਾ। ਖੰਦਕ ਦੇ ਢਾਂਚੇ ਦੀ ਨੀਂਹ ਵਜੋਂ ਇਕ ਬੈਗ ਜਿੰਨੀ ਡੂੰਘੀ ਅਤੇ ਦੋ ਬੈਗਾਂ ਜਿੰਨੀ ਚੌੜੀ ਇਕ ਖਾਈ ਪੁੱਟੋ। ਖੰਦਕ ਆਪਣੇ ਉਪਰਲੇ ਸਿਰੇ ਨਾਲੋਂ ਆਪਣੇ ਆਧਾਰ ’ਤੇ ਤਿੰਨ ਗੁਣਾ ਜ਼ਿਆਦਾ ਚੌੜੀ ਹੋਣੀ ਜ਼ਰੂਰੀ ਹੈ।
- ਪਲਾਸਟਿਕ ਦੀਆਂ ਸ਼ੀਟਾਂ – ਗੰਭੀਰ ਹੜ੍ਹਾਂ ਲਈ ਤਿਆਰੀ ਕਰਨ ਲਈ, ਤੁਸੀਂ ਆਪਣੇ ਘਰ ਦੇ ਬਾਹਰਲੇ ਹੇਠਲੇ ਪੱਧਰ ’ਤੇ ਪਲਾਸਟਿਕ (ਪੋਲੀਥਾਈਲੀਨ) ਦੀਆਂ ਸ਼ੀਟਾਂ ਦੀ ਵਰਤੋਂ ਵੀ ਕਰਨਾ ਚਾਹੁੰਦੇ ਹੋ ਸਕਦੇ ਹੋ। ਆਪਣੇ ਘਰ ਨੂੰ ਹੜ੍ਹ ਤੋਂ ਬਚਾਉਣ ਬਾਰੇ ਤੁਹਾਡੀ ਹੋਮ ਗਾਈਡ ਵਿਚ ਕਦਮ- ਦਰ-ਕਦਮ ਹਿਦਾਇਤਾਂ ਅੱਗੇ ਲਿਖੇ ਵੈੱਬਸਾਈਟ ’ਤੇ ਦੇਖੀਆਂ ਜਾ ਸਕਦੀਆਂ ਹਨ: http://www.pep.gov.bc.ca/hazard_preparedness/flood_tips/Floodproof.pdf

**ਜੇ ਤੁਹਾਨੂੰ ਘਰ ਛੱਡ ਕੇ ਜ਼ਰੂਰ ਜਾਣਾ ਪੈਣਾ ਹੈ –**

- ਹਮੇਸ਼ਾਂ ਸਥਾਨਕ ਐਮਰਜੰਸੀ ਅਧਿਕਾਰੀਆਂ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ
- ਸਾਰੇ ਅਪਲਾਇੰਸਾਂ ਨੂੰ ਬੰਦ ਕਰੋ ਅਤੇ ਉਨ੍ਹਾਂ ਦੇ ਪਲੱਗ ਕੱਢੋ, ਦਰਵਾਜ਼ਿਆਂ ਅਤੇ ਖਿੜਕੀਆਂ ਨੂੰ ਲੌਕ ਕਰੋ
- ਇਹ ਜਾਣੋ ਕਿ ਗੈਸ, ਬਿਜਲੀ ਆਦਿ ਨੂੰ ਮੇਨ ਸਵਿੱਚਾਂ ਜਾਂ ਵਾਲਵਾਂ ਤੋਂ ਸੁਰੱਖਿਅਤ ਤਰੀਕੇ ਨਾਲ ਬੰਦ ਕਿਵੇਂ ਕਰਨਾ ਹੈ
- ਆਪਣੀ ਨਿੱਜੀ ਚੁੱਕੋ-ਅਤੇ-ਜਾਉ ਐਮਰਜੰਸੀ ਕਿੱਟ ਅਤੇ ਜ਼ਰੂਰੀ ਪੇਪਰ/ਦਸਤਾਵੇਜ਼ ਨਾਲ ਲੈ ਕੇ ਜਾਉ
- ਆਪਣੇ ਮੇਲਬੌਕਸ ਵਿਚ ਇਕ ਨੋਟ ਛੱਡੋ ਜਿਹੜਾ ਇਹ ਦੱਸਦਾ ਹੋਵੇ ਕਿ ਤੁਸੀਂ ਕਿੱਥੇ ਗਏ ਹੋ ਅਤੇ ਇਸ ਬਾਰੇ ਸੂਬੇ ਤੋਂ ਬਾਹਰ ਦੇ ਸੰਪਰਕ ਨੂੰ ਜਾਣਕਾਰੀ ਦਿਉ
- *ਖਾਸ ਲੋੜਾਂ ਵਾਲੇ ਲੋਕਾਂ ਵੱਲ ਖਾਸ ਧਿਆਨ ਦੇਣ ਦੀ ਲੋੜ ਹੁੰਦੀ ਹੈ:* ਘੱਟ ਨਿਗ੍ਹਾ ਵਾਲੇ ਲੋਕਾਂ ਨੂੰ ਐਮਰਜੰਸੀ ਦੀ ਕਿਸਮ ਬਾਰੇ ਦੱਸੋ ਅਤੇ ਖ਼ਤਰਨਾਕ ਥਾਂਵਾਂ ਵਿਚ ਉਨ੍ਹਾਂ ਨੂੰ ਸੇਧ ਦਿਉ; ਉੱਚਾ ਸੁਣਨ ਵਾਲੇ ਲੋਕਾਂ ਨੂੰ ਲਿਖ ਕੇ ਇਹ ਦੱਸੋ ਕਿ ਕੀ ਹੋ ਰਿਹਾ ਹੈ ਅਤੇ ਉਨ੍ਹਾਂ ਨੂੰ ਘਰ ਛੱਡ ਕੇ ਜਾਣ ਦੇ ਤਰੀਕੇ ਬਾਰੇ ਦੱਸੋ
- ਐਮਰਜੰਸੀ ਅਮਲੇ ਨੂੰ ਸੁਣੋ ਅਤੇ ਉਨ੍ਹਾਂ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ। ਛੋਟੇ ਰਾਹ (ਸ਼ਾਰਟਕੱਟ) ਨਾ ਲਵੋ, ਇਸ ਨਾਲ ਤੁਸੀਂ ਬੰਦ ਹੋਏ ਜਾਂ ਖ਼ਤਰਨਾਕ ਇਲਾਕਿਆਂ ਵਿਚ ਫਸ ਸਕਦੇ ਹੋ
- ਵਗਦੇ ਪਾਣੀ ਵਿਚ ਦੀ ਨਾ ਤੁਰੋ। ਪਾਣੀ ਦਿਖਾਈ ਦੇਣ ਨਾਲੋਂ ਜ਼ਿਆਦਾ ਡੂੰਘਾ ਹੋ ਸਕਦਾ ਹੈ। ਸਿਰਫ 60 ਸੈਂਟੀਮੀਟਰ (2 ਫੁੱਟ) ਪਾਣੀ ਕਾਰ ਨੂੰ ਰੋੜ੍ਹ ਕੇ ਲਿਜਾ ਸਕਦਾ ਹੈ ਅਤੇ 15 ਸੈਂਟੀਮੀਟਰ (ਛੇ ਇੰਚ) ਤੋਂ ਘੱਟ ਵਗਦਾ ਪਾਣੀ ਤੁਹਾਡੇ ਡਿਗਣ ਦਾ ਕਾਰਨ ਬਣ ਸਕਦਾ ਹੈ
- ਜੇ ਤੁਸੀਂ ਘਰ ਛੱਡ ਕੇ ਜਾਂਦੇ ਹੋ ਤਾਂ ਸਥਾਨਕ ਰਿਸੈਪਸ਼ਨ ਸੈਂਟਰ ਕੋਲ ਰਜਿਸਟਰ ਹੋਵੋ, ਤਾਂ ਜੋ ਐਮਰਜੰਸੀ ਵਿਚ ਮਦਦ ਕਰਨ ਵਾਲੇ ਅਮਲੇ ਨੂੰ ਇਹ ਪਤਾ ਹੋਵੇ ਕਿ ਤੁਸੀਂ ਸੁਰੱਖਿਅਤ ਹੋ ਅਤੇ ਤੁਹਾਡੇ ਤੱਕ ਕਿਵੇਂ ਪਹੁੰਚਣਾ ਹੈ
- ਐਮਰਜੰਸੀ ਵਿਚ ਨਿੱਜੀ ਤਿਆਰੀ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ www.pep.bc.ca ਵੈੱਬਸਾਈਟ ’ਤੇ ਜਾਉ
*ਸੰਪਰਕ:*